# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

**08:30**

**ਮਿਤੀ :04-09-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਭਾਰਤੀ ਪੁਲਾੜ ਖੋਜ ਸੰਗਠਨ ISRO ਨੇ ਅੱਜ ਤੜਕੇ ਧਰਤੀ ਦੇ ਨਿਰੀਖਣ ਲਈ ਉਪਗ੍ਰਹਿ EOS-05 ਦਾ ਸਫਲ ਪਰੀਖਣ ਕੀਤਾ ਏ |

- ਸਰਕਾਰ ਨੇ ਵਿਦੇਸ਼ੀ ਚੰਦਾ (ਨਿਯਮ) ਸੋਧ ਬਿੱਲ, 2026 ਦੀ ਜਾਂਚ ਲਈ 31 ਮੈਂਬਰੀ ਸਾਂਝੀ ਸੰਸਦੀ ਕਮੇਟੀ ਦਾ ਗਠਨ ਕੀਤਾ |

- ਭਾਰਤ ਨੇ ਨੇਪਾਲ 'ਚ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਅਤੇ ਬਚਾਅ ਕਾਰਜਾਂ ਲਈ ਰਾਹਤ ਸਮੱਗਰੀ ਨਾਲ ਭਰੇ 2 ਹੋਰ ਜਹਾਜ਼ ਭੇਜੇ ਨੇ |

- ਭਗਵਾਨ ਸ਼੍ਰੀ ਕ੍ਰਿਸ਼ਨ ਦੇ ਜਨਮ ਦਿਵਸ ਦਾ ਤਿਉਹਾਰ ਜਨਮ ਅਸ਼ਟਮੀ ਅੱਜ ਦੇਸ਼ ਭਰ ਵਿੱਚ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਏ |

- ਕ੍ਰਿਕੇਟ ਵਿੱਚ ਭਾਰਤੀ ਮਹਿਲਾ ਟੀਮ ਹਾਂਗਕਾਂਗ ਨੂੰ ਹਰਾ ਕੇ ਮਹਿਲਾ ਏਸ਼ੀਆ ਕੱਪ ਦੇ ਸੈਮੀਫਾਈਨਲ 'ਚ ਪਹੁੰਚ ਗਈ ਏ |

***ਹੁਣ ਖਬਰਾਂ ਵਿਸਥਾਰ ਨਾਲ***

ਭਾਰਤ ਨੇ ਪੁਲਾੜ ਖੇਤਰ ਵਿੱਚ ਇੱਕ ਹੋਰ ਵੱਡੀ ਸਫਲਤਾ ਹਾਸਲ ਕੀਤੀ ਹੈ। ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੇ ਅੱਜ ਤੜਕੇ 2 ਵੱਜ ਕੇ 55 ਮਿੰਟ ਤੇ ਸ਼੍ਰੀਹਰੀਕੋਟਾ ਤੋਂ GSLV-F17 ਰਾਕੇਟ ਰਾਹੀਂ ਧਰਤੀ ਦੀ ਨਿਰੀਖਣ ਲਈ ਉਪਗ੍ਰਹਿ EOS-05 ਨੂੰ ਸਫਲਤਾਪੂਰਵਕ ਛਡਿਆ। ਇਸਰੋ ਅਨੁਸਾਰ, ਉਪਗ੍ਰਹਿ ਨੂੰ ਉਡਾਣ ਤੋਂ ਲਗਭਗ 18 ਮਿੰਟ ਬਾਅਦ ਸਫਲਤਾਪੂਰਵਕ GEO ਸਿੰਕਰੋਨਸ ਗ੍ਰਹਿ ਪੰਧ 'ਚ ਸਥਾਪਿਤ ਕੀਤਾ ਗਿਆ | EOS-05 ਖੇਤੀਬਾੜੀ ਅਤੇ ਆਫ਼ਤ ਪ੍ਰਬੰਧਨ ਵਰਗੇ ਖੇਤਰਾਂ ਵਿੱਚ ਸਹਾਇਤਾ ਲਈ ਅਸਲ-ਸਮੇਂ ਦੀਆਂ ਤਸਵੀਰਾਂ ਭੇਜੇਗਾ | ਇਸਰੋ ਦੇ ਚੇਅਰਮੈਨ ਵੀ. ਨਾਰਾਇਣਨ ਨੇ ਕਿਹਾ ਕਿ ਇਹ ਮਿਸ਼ਨ ਭਾਰਤ ਦੀਆਂ ਧਰਤੀ ਨਿਰੀਖਣ ਸਮਰੱਥਾਵਾਂ ਨੂੰ ਹੋਰ ਮਜ਼ਬੂਤ ਕਰੇਗਾ।

BYTE

---------------------------------------------------

ਸਰਕਾਰ ਨੇ ਵਿਦੇਸ਼ੀ ਯੋਗਦਾਨ (ਨਿਯਮ) ਸੋਧ ਬਿੱਲ, 2026 ਦੀ ਜਾਂਚ ਲਈ 31 ਮੈਂਬਰੀ ਸਾਂਝੀ ਸੰਸਦੀ ਕਮੇਟੀ ਦਾ ਗਠਨ ਕੀਤਾ ਹੈ। ਲੋਕ ਸਭਾ ਮੈਂਬਰ ਸੰਜੇ ਜੈਸਵਾਲ ਕਮੇਟੀ ਦੇ  ਪ੍ਰਧਾਨ ਹੋਣਗੇ  ਕਮੇਟੀ ਬਿੱਲ ਦੇ ਉਪਬੰਧਾਂ ਅਤੇ ਪ੍ਰਸਤਾਵਿਤ ਸੋਧਾਂ 'ਤੇ ਵਿਚਾਰ-ਵਟਾਂਦਰਾ

---------------------------------------------------

ਕਮੇਟੀ ਵਿੱਚ ਲੋਕ ਸਭਾ ਦੇ ਪ੍ਰਮੁੱਖ ਨਾਵਾਂ ਵਿੱਚ ਭਰਤਰੁਹਰੀ ਮਹਤਾਬ, ਤੇਜਸਵੀ ਸੂਰਿਆ, ਨਿਸ਼ੀਕਾਂਤ ਦੂਬੇ, ਏ. ਰਾਜਾ ਅਤੇ ਸੁਪ੍ਰਿਆ ਸੁਲੇ ਸ਼ਾਮਲ ਹਨ। ਰਾਜ ਸਭਾ ਤੋਂ, ਹਰਸ਼ਵਰਧਨ ਸ਼੍ਰਿੰਗਲਾ, ਸੰਜੇ ਕੁਮਾਰ ਝਾਅ, ਪ੍ਰਫੁੱਲ ਪਟੇਲ ਅਤੇ ਮੇਨਕਾ ਗੁਰੂਸਵਾਮੀ ਕਮੇਟੀ ਵਿੱਚ ਸ਼ਾਮਲ ਨੇ । ਸੰਸਦ ਦੇ ਦੋਵਾਂ ਸਦਨਾਂ ਨੇ 12 ਅਗਸਤ ਨੂੰ ਵਿਦੇਸ਼ੀ ਯੋਗਦਾਨ (ਨਿਯਮ) ਸੋਧ ਬਿੱਲ, 2026 ਨੂੰ ਹੋਰ ਜਾਂਚ ਲਈ ਸੰਯੁਕਤ ਸੰਸਦੀ ਕਮੇਟੀ ਨੂੰ ਭੇਜਣ ਲਈ ਆਪਣੀ ਪ੍ਰਵਾਨਗੀ  ਦਿੱਤੀ ਸੀ ।

---------------------------------------------------

ਨੇਪਾਲ ਵਿੱਚ ਆਏ ਤਬਾਹਕੁੰਨ ਹੜ੍ਹਾਂ ਕਾਰਨ ਮਰਨ ਵਾਲਿਆਂ ਦੀ ਗਿਣਤੀ 1,259 ਹੋ ਗਈ ਹੈ, ਜਦੋਂ ਕਿ 5,000 ਤੋਂ ਵੱਧ ਲੋਕ ਹਾਲਾਂ ਵੀ ਲਾਪਤਾ ਨੇ । ਨੇਪਾਲ ਪੁਲਿਸ ਅਨੁਸਾਰ, ਸਭ ਤੋਂ ਵੱਧ  - 355 ਲਾਸ਼ਾਂ ਚਿਤਵਾਨ ਵਿੱਚ ਮਿਲੀਆਂ । ਇਸ ਤੋਂ ਬਾਅਦ ਨਵਲਪਰਾਸੀ ਪੂਰਬ ਵਿੱਚ 218 ਅਤੇ ਨਵਲਪਰਾਸੀ ਪੱਛਮ ਵਿੱਚ 212 ਲਾਸ਼ਾਂ ਬਰਾਮਦ ਹੋਈਆਂ। ਇਸ ਦੌਰਾਨ, ਨੇਪਾਲੀ ਫੌਜ ਦੀ ਅਗਵਾਈ ਵਿੱਚ ਸਾਂਝੀਆਂ ਬਚਾਅ ਟੀਮਾਂ

ਆਪਣੇ ਭਾਲ ਕਾਰਜ ਜਾਰੀ ਰੱਖ ਰਹੀਆਂ ਨੇ , ਅਤੇ ਭਾਰਤੀ ਬਚਾਅ ਟੀਮਾਂ ਨੇ ਰਾਹਤ ਅਤੇ ਬਚਾਅ ਕਾਰਜ ਕਰਨ ਲਈ ਚਿਲੀਮੇ ਪਾਵਰ ਹਾਊਸ ਵਿਖੇ ਨੇਪਾਲੀ ਟੀਮਾਂ ਦੇ ਨਾਲ ਇੱਕ ਬੇਸ ਸਥਾਪਤ ਕੀਤਾ ਹੈ।

-------------------------------------------------------------

ਭਾਰਤ ਨੇ ਸਾਢੇ 21 ਟਨ ਰਾਹਤ ਸਮੱਗਰੀ ਫੋਰੈਂਸਿਕ ਕਿੱਟਾਂ ਅਤੇ ਡਾਕਟਰੀ ਸਪਲਾਈ ਨਾਲ 2 ਹੋਰ ਜਹਾਜ਼ ਕਲ ਨੇਪਾਲ ਭੇਜੇ ਨੇ। ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਇਹ ਵਾਧੂ ਸਹਾਇਤਾ ਚੱਲ ਰਹੇ ਰਾਹਤ ਅਤੇ ਬਚਾਅ ਕਾਰਜਾਂ ਨੂੰ ਹੋਰ ਮਜ਼ਬੂਤ ਕਰੇਗੀ |

-------------------------------------------------------------

ਗ੍ਰਹਿ ਮੰਤਰਾਲਾ ਨੇਪਾਲ ਵਿੱਚ ਹੜ੍ਹਾਂ ਤੋਂ ਬਾਅਦ ਲਾਪਤਾ ਹੋਏ ਭਾਰਤੀ ਨਾਗਰਿਕਾਂ ਲਈ ਡੀਐਨਏ ਪ੍ਰੋਫਾਈਲਿੰਗ ਕਰੇਗਾ। ਇਸ ਲਈ, ਕੇਂਦਰੀ ਤੇ ਰਾਜ ਫੋਰੈਂਸਿਕ ਪ੍ਰਯੋਗ ਸ਼ਾਲਾਵਾਂ ਅਤੇ ਰਾਸ਼ਟਰੀ ਫੋਰੈਂਸਿਕ ਸਾਇੰਸ ਯੂਨੀਵਰਸਿਟੀਆਂ ਦੀਆਂ ਪ੍ਰਯੋਗਸ਼ਾਲਾਵਾਂ ਦੀਆਂ ਸੇਵਾਵਾਂ ਲਾਈਆਂ ਜਾਣਗੀਆਂ। ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਭਾਰਤ ਵਿੱਚ ਰਹਿਣ ਵਾਲੇ ਰਿਸ਼ਤੇਦਾਰ ਨਿਰਧਾਰਤ ਕੇਂਦਰਾਂ 'ਤੇ ਜੈਵਿਕ ਨਮੂਨੇ ਪ੍ਰਦਾਨ ਕਰਕੇ ਆਪਣੇ ਡੀਐਨਏ ਪ੍ਰੋਫਾਈਲ ਤਿਆਰ ਕਰਵਾ ਸਕਦੇ ਨੇ।

---

ਭਾਰਤ ਨੇ ਬ੍ਰਸੇਲਜ਼ ਵਿੱਚ ਇੱਕ ਰੱਖਿਆ ਅਤਾਸ਼ੇ  ਨਿਯੁਕਤ ਕਰਨ ਦਾ ਫੈਸਲਾ ਕੀਤਾ ਹੈ। ਵਿਦੇਸ਼ ਮੰਤਰਾਲੇ ਅਨੁਸਾਰ, ਇਸ ਕਦਮ ਨਾਲ ਭਾਰਤ ਤੇ ਬੇਲਜਿਯਮ ਵਿਚਕਾਰ ਰੱਖਿਆ ਸਹਿਯੋਗ ਅਤੇ ਰੱਖਿਆ ਉਤਪਾਦਨ ਨੂੰ ਹੁਲਾਰਾ ਮਿਲੇਗਾ। ਬੈਲਜੀਅਮ ਨੇ ਇਸ ਸਾਲ ਦੇ ਸ਼ੁਰੂ ਵਿੱਚ ਨਵੀਂ ਦਿੱਲੀ ਵਿੱਚ ਇੱਕ ਰੱਖਿਆ ਅਤਾਸ਼ੇ ਨਿਯੁਕਤ ਕੀਤਾ ਸੀ। ਵਿਦੇਸ਼ ਮੰਤਰਾਲੇ ਵਿੱਚ ਪੱਛਮ ਬਾਰੇ ਸਕੱਤਰ  ਸਿਬੀ ਜਾਰਜ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਬੈਲਜੀਅਮ ਦੇ ਪ੍ਰਧਾਨ ਮੰਤਰੀ ਬਾਰਟ ਡੀ ਵੇਵਰ ਨੇ ਅਗਲੇ ਪੰਜ ਸਾਲਾਂ ਵਿੱਚ ਦੋਵਾਂ ਦੇਸ਼ਾਂ ਵਿਚਕਾਰ ਦੁਵੱਲੇ ਵਪਾਰ ਨੂੰ ਦੁੱਗਣਾ ਕਰਨ ਦਾ ਟੀਚਾ ਰੱਖਿਆ ਹੈ। ਭਾਰਤ-ਬੈਲਜੀਅਮ ਸਬੰਧਾਂ ਦੇ ਸੰਦਰਭ ਵਿੱਚ ਵਪਾਰ, ਤਕਨਾਲੋਜੀ ਅਤੇ ਹੁਨਰ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਬੈਲਜੀਅਮ ਦੀਆਂ ਯੂਨੀਵਰਸਿਟੀਆਂ ਅਤੇ ਪ੍ਰਮੁੱਖ ਵਿਦਿਅਕ ਸੰਸਥਾਵਾਂ ਨੂੰ ਭਾਰਤ ਵਿੱਚ ਕੈਂਪਸ ਸਥਾਪਤ ਕਰਨ ਲਈ ਸੱਦਾ ਦਿੱਤਾ ਹੈ।

---

ਭਗਵਾਨ ਕ੍ਰਿਸ਼ਨ ਦੇ ਜਨਮ ਦਿਵਸ ਦਾ ਤਿਉਹਾਰ ਜਨਮ ਅਸ਼ਟਮੀ ਅੱਜ ਦੇਸ਼ ਭਰ ਵਿੱਚ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਮੌਕੇ  ਮੰਦਰਾਂ ਅਤੇ ਘਰਾਂ ਨੂੰ ਸਜਾਇਆ ਗਿਆ ਹੈ।  ਉੱਤਰ ਪ੍ਰਦੇਸ਼ ਵਿੱਚ, ਭਗਵਾਨ ਕ੍ਰਿਸ਼ਨ ਨਾਲ ਜੁੜੇ ਸ਼ਹਿਰਾਂ ਮਥੁਰਾ ਅਤੇ ਵ੍ਰਿੰਦਾਵਨ

ਵਿੱਚ ਵਿਸ਼ਾਲ ਜਨਮ ਅਸ਼ਟਮੀ ਸਮਾਰੋਹ ਦੀਆਂ ਤਿਆਰੀਆਂ ਪੂਰੀਆਂ ਹੋ ਗਈਆਂ ਹਨ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਅੱਜ ਮਥੁਰਾ ਵਿੱਚ ਜਨਮ ਅਸ਼ਟਮੀ ਸਮਾਰੋਹ ਵਿੱਚ ਸ਼ਾਮਲ ਹੋਣਗੇ। ਸ਼ਰਧਾਲੂਆਂ ਦੀ ਭਾਰੀ ਭੀੜ ਨੂੰ ਦੇਖਦੇ ਹੋਏ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਜਨਮ ਅਸ਼ਟਮੀ ਦੇ ਮੌਕੇ 'ਤੇ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ ਏ | ਉਨ੍ਹਾਂ ਕਿਹਾ ਕਿ ਭਗਵਾਨ ਕ੍ਰਿਸ਼ਨ ਦਾ ਜੀਵਨ ਅਤੇ ਸਿੱਖਿਆਵਾਂ ਭਾਰਤ ਦੀ ਸੱਭਿਆਚਾਰਕ ਅਤੇ ਦਾਰਸ਼ਨਿਕ ਵਿਰਾਸਤ ਨੂੰ ਇੱਕ ਨਵੀਂ ਦਿਸ਼ਾ ਪ੍ਰਦਾਨ ਕਰਦੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਸ੍ਰੀਮਦ ਭਗਵਦ ਗੀਤਾ ਦੀਆਂ ਸਿੱਖਿਆਵਾਂ ਲੋਕਾਂ ਨੂੰ ਮੁਸ਼ਕਲ ਸਮੇਂ ਦੌਰਾਨ ਸਹੀ ਫੈਸਲੇ ਲੈਣ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਲਈ ਪ੍ਰੇਰਿਤ ਕਰਦੀਆਂ ਹਨ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਵੀ ਜਨਮ ਅਸ਼ਟਮੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਭਗਵਦ ਗੀਤਾ ਜੀਵਨ ਵਿੱਚ ਫਰਜ਼, ਨੈਤਿਕਤਾ, ਨਿਆਂ, ਹਿੰਮਤ ਅਤੇ ਸੰਤੁਲਨ ਦਾ ਰਸਤਾ ਦਿਖਾਉਂਦੀ ਹੈ।

---------------------------------------------------------

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਨਮ ਅਸ਼ਟਮੀ ਦੇ ਮੌਕੇ 'ਤੇ ਦੇਸ਼ ਵਾਸੀਆਂ ਨੂੰ ਵਧਾਈਆਂ ਦਿੱਤੀਆਂ ਨੇ । ਸੋਸ਼ਲ ਮੀਡੀਆ 'ਤੇ, ਰਾਸ਼ਟਰਪਤੀ ਨੇ ਕਿਹਾ ਕਿ ਭਗਵਾਨ ਸ਼੍ਰੀ ਕ੍ਰਿਸ਼ਨ ਦਾ ਜੀਵਨ ਸੰਦੇਸ਼ ਭਾਰਤੀ ਸੱਭਿਆਚਾਰ ਅਤੇ ਦਰਸ਼ਨ ਵਿੱਚ ਜੀਵਨਸ਼ਕਤੀ ਭਰਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਭਗਵਾਨ ਕ੍ਰਿਸ਼ਨ ਨੇ

ਸੱਚਾਈ, ਧਰਮ , ਨਿਆਂ, ਦਇਆ ਅਤੇ ਨਿਰਸਵਾਰਥ ਕਾਰਜ ਦਾ ਮਾਰਗ ਦਿਖਾਇਆ। ਉਨ੍ਹਾਂ ਸਾਰਿਆਂ ਨੂੰ ਭਗਵਾਨ ਸ੍ਰੀ ਕ੍ਰਿਸ਼ਨ ਦੇ ਆਦਰਸ਼ਾਂ ਨੂੰ ਅਪਣਾਉਣ ਅਤੇ ਇੱਕ ਸਮਾਵੇਸ਼ੀ ਅਤੇ ਵਿਕਸਤ ਭਾਰਤ ਦੇ ਨਿਰਮਾਣ ਲਈ ਨਿਰੰਤਰ ਕੰਮ ਕਰਨ ਦੀ ਅਪੀਲ ਕੀਤੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਗਵਾਨ ਸ੍ਰੀ ਕ੍ਰਿਸ਼ਨ ਦੇ ਬ੍ਰਹਮ ਸੰਦੇਸ਼ ਨਿਰਸਵਾਰਥ ਕਾਰਜ ਲਈ ਇੱਕ ਡੂੰਘੀ ਪ੍ਰੇਰਨਾ ਨੂੰ ਦਰਸਾਉਂਦੇ ਹਨ, ਜਿਸਨੇ ਮਨੁੱਖਤਾ ਦਾ ਨਿਰੰਤਰ ਮਾਰਗਦਰਸ਼ਨ ਕੀਤਾ ਹੈ।

-----------------------------------------------------

ਉਪ-ਰਾਸ਼ਟਰਪਤੀ ਅਤੇ ਪੰਜਾਬ ਯੂਨੀਵਰਸਿਟੀ ਦੇ EX OFICIO ਚਾਂਸਲਰ, ਸੀ. ਪੀ. ਰਾਧਾਕ੍ਰਿਸ਼ਨਨ, ਕੱਲ੍ਹ ਚੰਡੀਗੜ੍ਹ 'ਚ ਯੂਨੀਵਰਸਿਟੀ ਦਾ ਦੌਰਾ ਕਰਨਗੇ । ਆਪਣੇ ਦੌਰੇ ਦੌਰਾਨ, ਉਪ-ਰਾਸ਼ਟਰਪਤੀ ਐਡਵਾਂਸਡ ਇੰਸਟਰੂ-ਮੈਂਟੇਸ਼ਨ ਫੈਸਿਲਿਟੀ ਦਾ ਉਦਘਾਟਨ ਕਰਨਗੇ । ਉਪ-ਰਾਸ਼ਟਰਪਤੀ ਪੰਜਾਬ ਯੂਨੀਵਰਸਿਟੀ ਟੈਕ ਇਨੋਵੇਸ਼ਨ ਫੋਰਮ ਦਾ ਵੀ ਉਦਘਾਟਨ ਕਰਨਗੇ, ਜੋ ਯੂਨੀਵਰਸਿਟੀ ਦੇ ਖੋਜ, ਕਾਢ ਅਤੇ ਸਟਾਰਟਅੱਪ ਈਕੋਸਿਸਟਮ ਨੂੰ ਮਜ਼ਬੂਤ ਕਰਨ ਵਿੱਚ ਇੱਕ ਵੱਡਾ ਕਦਮ ਏ ।

-----------------------------------------------------

ਸੁਪਰੀਮ ਕੋਰਟ ਅੱਜ ਨਵੀਂ ਦਿੱਲੀ 'ਚ ਮੇਜ਼ਬਾਨੀ ਵਿੱਚ ਬ੍ਰਿਕਸ ਚੀਫ਼ ਜਸਟਿਸਜ਼ ਫੋਰਮ ਦੀ ਮੇਜ਼ਬਾਨੀ ਕਰੇਗਾ । ਬ੍ਰਿਕਸ ਮੈਂਬਰ ਦੇਸ਼ਾਂ ਅਤੇ ਭਾਈਵਾਲ ਦੇਸ਼ਾਂ ਦੇ ਚੀਫ਼ ਜਸਟਿਸ, ਸੁਪਰੀਮ ਕੋਰਟਾਂ ਦੇ ਮੁਖੀ ਅਤੇ

ਸੀਨੀਅਰ ਨਿਆਂਇਕ ਪ੍ਰਤੀਨਿਧੀ ਇਸ ਸਮਾਗਮ ਵਿੱਚ ਹਿੱਸਾ ਲੈਣਗੇ। ਇਸ ਫੋਰਮ ਵਿੱਚ ਨਿਆਂ ਪ੍ਰਣਾਲੀ, ਅੰਤਰਰਾਸ਼ਟਰੀ ਵਿਵਾਦਾਂ ਦੇ ਹੱਲ, ਤਕਨਾਲੋਜੀ ਅਤੇ ਨਿਰੰਤਰ ਵਿਕਾਸ ਨਾਲ ਸਬੰਧਤ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਭਾਰਤ ਦੇ ਚੀਫ਼ ਜਸਟਿਸ ਸੁਰਯਾਕਾਂਤ, ਰੂਸ , ਚੀਨ, ਮਿਸਰ, ਇੰਡੋਨੇਸ਼ੀਆ, ਸੰਯੁਕਤ ਅਰਬ ਅਮੀਰਾਤ, ਬੇਲਾਰੂਸ, ਕਜ਼ਾਕਿਸਤਾਨ, ਦੱਖਣੀ ਅਫਰੀਕਾ, ਈਰਾਨ ਅਤੇ ਉਜ਼ਬੇਕਿਸਤਾਨ ਦੇ ਨਿਆਂਇਕ ਵਫ਼ਦਾਂ ਦੇ ਮੁਖੀਆਂ ਨਾਲ ਦੁਵੱਲੀ ਮੀਟਿੰਗਾਂ ਕਰਨਗੇ।

---------------------------------------------------------------

ਕ੍ਰਿਕੇਟ ਵਿੱਚ ਭਾਰਤ ਨੇ 'ਮਹਿਲਾ ਏਸ਼ੀਆ ਕੱਪ' ਦੇ ਸੱਤਵੇਂ ਮੈਚ ਵਿੱਚ ਹਾਂਗਕਾਂਗ ਦੀ ਟੀਮ 'ਤੇ 137 ਦੌੜਾਂ ਦੀ ਵੱਡੀ ਜਿੱਤ ਦਰਜ ਕੀਤੀ ਏ । ਇਸ ਜਿੱਤ ਨਾਲ, ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਸੈਮੀਫਾਈਨਲ ਵਿੱਚਜਗ੍ਹਾ ਬਣਾ ਲਈ ਏ | ਦੁਬਈ ਅੰਤਰਰਾਸ਼ਟਰੀ ਕ੍ਰਿਕਟ ਸਟੇਡੀਅਮ ਵਿੱਚ ਟਾਸ ਹਾਰਨ ਤੋਂ ਬਾਅਦ ਬੱਲੇਬਾਜ਼ੀ ਕਰਦਿਆਂ ਭਾਰਤੀ ਟੀਮ ਨੇ ਸਲਾਮੀ ਬੱਲੇਬਾਜ਼ ਸਮ੍ਰਿਤੀ ਮੰਧਾਨਾ ਦੇ ਸੈਂਕੜੇ ਦੀ ਬਦੌਲਤ 5 ਵਿਕਟਾਂ 'ਤੇ 193 ਦੌੜਾਂ ਬਣਾਈਆਂ। ਸਮ੍ਰਿਤੀ ਨੇ ਸਿਰਫ 64 ਗੇਂਦਾਂ 'ਤੇ 124 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ | ਜਵਾਬ ਵਿੱਚ, ਵਿਰੋਧੀ ਟੀਮ 16.2 ਓਵਰਾਂ ਵਿੱਚ ਸਿਰਫ਼ 56 ਦੌੜਾਂ 'ਤੇ ਢੇਰ ਹੋ ਗਈ। ਭਾਰਤ ਵੱਲੋਂ ਦੀਪਤੀ ਸ਼ਰਮਾ ਨੇ 3 ਵਿਕਟਾਂ ਲਈਆਂ | ਹੁਣ ਭਾਰਤ ਭਲਕੇ ਪਾਕਿਸਤਾਨ ਵਿਰੁੱਧ ਆਪਣਾ ਆਖਰੀ ਗਰੁੱਪ ਮੈਚ ਖੇਡੇਗਾ

-------------------------------------------------------

ਬੈਡਮਿੰਟਨ ਵਿੱਚ, ਭਾਰਤ ਦੇ ਕਿਦਾਂਬੀ ਸ਼੍ਰੀਕਾਂਤ ਦਾ ਚਾਈਨਾ ਮਾਸਟਰਜ਼ ਸੁਪਰ 750 ਦੇ ਪੁਰਸ਼ ਸਿੰਗਲਜ਼ ਕੁਆਰਟਰ ਫਾਈਨਲ ਵਿੱਚ ਅੱਜ ਹਾਂਗਕਾਂਗ ਦੇ ਲੀ ਚੇਉਕ ਯੀਯੂ ਨਾਲ ਮੁਕਾਬਲਾ ਹੋਵੇਗਾ। ਸ਼੍ਰੀਕਾਂਤ ਨੇ ਕੱਲ੍ਹ ਕੈਨੇਡਾ ਦੇ ਵਿਸ਼ਵ ਨੰਬਰ ਨੌਂ ਵਿਕਟਰ ਲਾਈ ਨੂੰ ਹਰਾ ਕੇ ਕੁਆਰਟਰ ਫਾਈਨਲ ਵਿੱਚ ਜਗ੍ਹਾ ਬਣਾਈ । ਭਾਰਤ ਦੇ ਸਾਤਵਿਕਸਾਈਰਾਜ ਰੈਂਕੀਰੈਡੀ ਅਤੇ ਚਿਰਾਗ ਸ਼ੈੱਟੀ ਦੀ ਜੋੜੀ ਪੋਪੋਵ ਭਰਾਵਾਂ ਦੀ ਫਰਾਂਸੀਸੀ ਜੋੜੀ ਨੂੰ ਹਰਾ ਕੇ ਕੁਆਰਟਰ ਫਾਈਨਲ ਵਿੱਚ ਪਹੁੰਚ ਗਈ ਏ । ਇਸ ਦੌਰਾਨ, ਧਰੁਵ ਕਪਿਲਾ ਅਤੇ ਤਨੀਸ਼ਾ ਕ੍ਰਾਸਟੋ ਦੀ ਮਿਕਸਡ ਡਬਲਜ਼ ਜੋੜੀ ਹਾਰ ਤੋਂ ਬਾਅਦ ਟੂਰਨਾਮੈਂਟ ਤੋਂ ਬਾਹਰ ਹੋ ਗਈ ਏ ।

-------------------------------------------------------

- ਭਾਰਤੀ ਪੁਲਾੜ ਖੋਜ ਸੰਗਠਨ ISRO ਨੇ ਅੱਜ ਤੜਕੇ ਧਰਤੀ ਦੇ ਨਿਰੀਖਣ ਲਈ ਉਪਗ੍ਰਹਿ EOS-05 ਦਾ ਸਫਲ ਪਰੀਖਣ ਕੀਤਾ ਏ |

- ਸਰਕਾਰ ਨੇ ਵਿਦੇਸ਼ੀ ਚੰਦਾ (ਨਿਯਮ) ਸੋਧ ਬਿੱਲ, 2026 ਦੀ ਜਾਂਚ ਲਈ 31 ਮੈਂਬਰੀ ਸਾਂਝੀ ਸੰਸਦੀ ਕਮੇਟੀ ਦਾ ਗਠਨ ਕੀਤਾ |

- ਭਾਰਤ ਨੇ ਨੇਪਾਲ 'ਚ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਅਤੇ ਬਚਾਅ ਕਾਰਜਾਂ ਲਈ ਰਾਹਤ ਸਮੱਗਰੀ ਨਾਲ ਭਰੇ 2 ਹੋਰ ਜਹਾਜ਼ ਭੇਜੇ ਨੇ |

- ਭਗਵਾਨ ਸ਼੍ਰੀ ਕ੍ਰਿਸ਼ਨ ਦੇ ਜਨਮ ਦਿਵਸ ਦਾ ਤਿਉਹਾਰ ਜਨਮ ਅਸ਼ਟਮੀ ਅੱਜ ਦੇਸ਼ ਭਰ ਵਿੱਚ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਏ |

- ਕ੍ਰਿਕੇਟ ਵਿੱਚ ਭਾਰਤੀ ਮਹਿਲਾ ਟੀਮ ਹਾਂਗਕਾਂਗ ਨੂੰ ਹਰਾ ਕੇ ਮਹਿਲਾ ਏਸ਼ੀਆ ਕੱਪ ਦੇ ਸੈਮੀਫਾਈਨਲ 'ਚ ਪਹੁੰਚ ਗਈ ਏ |

---

**ਇਸ ਦੇ ਨਾਲ ਹੀ ਰਾਸ਼ਟਰੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਦੁਪਹਿਰ ਬਾਅਦ 1 ਵਜ ਕੇ 10 ਮਿੰਟ 'ਤੇ ਹੋਏਗਾ। ਨਮਸਕਾਰ!**